ਜੇ ਤੁਹਾਡੇ ਬੱਚੇ ਦੇ PICU ਵਿੱਚ ਸੰਭਾਵਿਤ ਤਬਦੀਲੀ ਜਾਂ ਇਸ ਕਿਤਾਬਚੇ ਵਿੱਚ ਕਵਰ ਕੀਤੀ ਕਿਸੇ ਵੀ ਚੀਜ਼ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਸਾਡੀ ਟੀਮ ਦੇ ਕਿਸੇ ਵੀ ਮੈਂਬਰ ਨਾਲ ਗੱਲ ਕਰੋ।

ਫੀਡਬੈਕ ਦਿਓ

## ਫੀਡਬੈਕ

ਕਿਰਪਾ ਕਰਕੇ ਸਾਡੀ ਸੇਵਾ ਨੂੰ ਬਿਹਤਰ ਬਣਾਉਣ ਵਿੱਚ ਸਾਡੀ ਮਦਦ ਕਰਨ ਲਈ ਸਾਨੂੰ ਫੀਡਬੈਕ ਦਿਓ।

ਇਸ ਲਿੰਕ 'ਤੇ ਜਾਓ: bit.ly/picufeedback ਜਾਂ ਇਸ QR ਕੋਡ ਨੂੰ ਸਕੈਨ ਕਰੋ

## PICU ਦਾ ਸਹਿਯੋਗ ਕਰਨ ਵਾਲੀਆਂ ਚੈਰਿਟੀਆਂ

www.schcharity.org.uk
www.friendsofpicu.org.uk
www.rmhc.org.uk

Southampton Children's Hospital Charity

## ਪੀਡੀਐਟ੍ਰਿਕ ਇੰਟੈਂਸਿਵ ਕੇਅਰ ਯੂਨਿਟ

Southampton Children's Hospital
Tremona Road
Southampton
Hampshire
**SO16 6YD**

ਟੈਲੀਫ਼ੋਨ: **023 8120 6972**
**www.uhs.nhs.uk/childrenshospital**

John Radcliffe Hospital
Headley Way
Headington
Oxford
**0X3 9DU**

ਟੈਲੀਫ਼ੋਨ: **01865 220 632**
**www.ouh.nhs.uk/children**

**ਜੇ ਤੁਹਾਨੂੰ ਇਸ ਦਸਤਾਵੇਜ਼ ਦੇ ਅਨੁਵਾਦ ਜਾਂ ਇਸਦੇ ਕਿਸੇ ਹੋਰ ਫਾਰਮੈਟ, ਜਿਵੇਂ ਕਿ ਪੜ੍ਹਨ ਲਈ ਆਸਾਨ, ਵੱਡੇ ਪ੍ਰਿੰਟ, ਬ੍ਰੇਲ ਜਾਂ ਆਡੀਓ ਦੀ ਲੋੜ ਹੈ ਤਾਂ ਕਿਰਪਾ ਕਰਕੇ 0800 484 0135 'ਤੇ ਟੈਲੀਫ਼ੋਨ ਜਾਂ patientsupporthub@uhs.nhs.uk 'ਤੇ ਈਮੇਲ ਕਰੋ।**

Version 2. Updated March 2024. Due for review March 2027. 1413

ਸਾਊਥੈਂਪਟਨ ਆਕਸਫੋਰਡ
ਰਿਟ੍ਰੀਵਲ ਟੀਮ

SOUTHAMPTON Children's Hospital

# ਪੀਡੀਐਟ੍ਰਿਕ ਇੰਟੈਂਸਿਵ ਕੇਅਰ ਰਿਟ੍ਰੀਵਲ ਸੇਵਾ

## ਮਰੀਜ਼ਾਂ, ਮਾਪਿਆਂ ਅਤੇ ਸਰਪ੍ਰਸਤਾਂ ਲਈ ਜਾਣਕਾਰੀ




NHS
University Hospital Southampton
NHS Foundation Trust

ਅਸੀਂ ਤੁਹਾਨੂੰ ਇਹ ਕਿਤਾਬਚਾ ਇਸ ਲਈ ਦਿਤਾ ਹੈ ਕਿਉਂਕਿ ਤੁਹਾਡੇ ਬਚੇ ਨੂੰ ਪੀਡੀਐਟ੍ਰਿਕ ਇੰਟੈਂਸਿਵ ਕੇਅਰ ਯੂਨਿਟ (PICU) ਵਿਚ ਤਬਦੀਲ ਕਰਨ ਦੀ ਲੋੜ ਪੈ ਸਕਦੀ ਹੈ।

## ਮੇਰੇ ਬੱਚੇ ਨੂੰ PICU ਵਿੱਚ ਤਬਦੀਲ ਕਰਨ ਦੀ ਲੋੜ ਕਿਉਂ ਪੈ ਸਕਦੀ ਹੈ?

PICU ਬਚਿਆਂ ਦੀ ਸਮਰਪਿਤ ਇੰਟੈਂਸਿਵ ਕੇਅਰ ਯੂਨਿਟ ਹੈ। ਇਥੇ ਡਾਕਟਰਾਂ ਅਤੇ ਨਰਸਾਂ ਦੀ ਇਕ ਵਿਸ਼ਾਲ ਲੜੀ ਹੈ, ਜੋ ਸਾਰੇ ਗੰਭੀਰ ਰੂਪ ਨਾਲ ਬਿਮਾਰ ਬਚਿਆਂ ਦੇ ਇਲਾਜ ਵਿਚ ਮਾਹਰ ਹਨ। PICU ਕੋਲ ਬਹੁਤ ਸਾਰੇ ਵਿਸ਼ੇਸ਼ ਉਪਕਰਣ ਵੀ ਹਨ ਜੋ ਤੁਹਾਡੇ ਬਚੇ ਦੇ ਮੌਜੂਦਾ ਹਸਪਤਾਲ ਵਿਚ ਉਪਲਬਧ ਨਹੀਂ ਹੋ ਸਕਦੇ।

ਤੁਹਾਡੇ ਬਚੇ ਨੂੰ ਤਬਦੀਲ ਕਰਨਾ ਹੈ ਜਾਂ ਨਹੀਂ, ਇਸ ਦੇ ਫੈਸਲੇ 'ਤੇ ਧਿਆਨ ਨਾਲ ਵਿਚਾਰ ਕੀਤਾ ਜਾਵੇਗਾ। ਤੁਹਾਡੇ ਬਚੇ ਦੇ ਹਸਪਤਾਲ ਨੇ ਸਾਡੇ ਨਾਲ ਉਨ੍ਹਾਂ ਦੀ ਅਵਸਥਾ ਬਾਰੇ ਵਿਸਥਾਰ ਵਿਚ ਗਲ ਕੀਤੀ ਹੋਵੇਗੀ। ਇਸ ਜਾਣਕਾਰੀ ਦੇ ਅਧਾਰ 'ਤੇ, ਅਸੀਂ ਫੈਸਲਾ ਕਰਾਂਗੇ ਕਿ ਅਸੀਂ ਸਭ ਤੋਂ ਵਧੀਆ ਮਦਦ ਕਿਵੇਂ ਕਰ ਸਕਦੇ ਹਾਂ। ਇਹ ਪਹਿਲਾਂ ਤੋਂ ਹੀ ਉਨ੍ਹਾਂ ਦੀ ਦੇਖਭਾਲ ਕਰ ਰਹੀ ਕਲੀਨਿਕੀ ਟੀਮ ਨੂੰ ਮਾਹਰ ਸਲਾਹ ਅਤੇ ਮਾਰਗ ਦਰਸ਼ਨ ਪ੍ਰਦਾਨ ਕਰਕੇ ਜਾਂ ਤੁਹਾਡੇ ਬਚੇ ਨੂੰ ਸਾਡੀ ਮਾਹਰ ਦੇਖਭਾਲ ਵਿਚ ਤਬਦੀਲ ਕਰਨ ਦੇ ਨਜ਼ਰੀਏ ਨਾਲ ਉੱਥੇ ਮੁਲਾਂਕਣ ਕਰਨ ਲਈ ਆ ਕੇ ਕੀਤਾ ਜਾ ਸਕਦਾ ਹੈ।

ਬਿਮਾਰ ਬਚਿਆਂ ਨੂੰ ਇਕ ਹਸਪਤਾਲ ਤੋਂ ਦੂਜੇ ਹਸਪਤਾਲ ਵਿਚ ਲਿਜਾਣ ਵਿਚ ਕੁਝ ਜੋਖਮ ਸ਼ਾਮਲ ਹੁੰਦੇ ਹਨ। ਹਾਲਾਂਕਿ, ਕੁਝ ਮਾਮਲਿਆਂ ਵਿਚ, ਤੁਹਾਡੇ ਬਚੇ ਨੂੰ ਮਾਹਰ ਦੇਖਭਾਲ ਤਕ ਪਹੁੰਚ ਦੇਣ ਦੇ ਲਾਭ ਉਹਨਾਂ ਨੂੰ ਹਿਲਾਉਣ ਦੇ ਜੋਖਮਾਂ ਤੋਂ ਵਧ ਹੁੰਦੇ ਹਨ। ਜੇ ਤੁਸੀਂ ਇਸ ਬਾਰੇ ਹੋਰ ਵਿਚਾਰ-ਵਟਾਂਦਰਾ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਬਚੇ ਦੇ ਡਾਕਟਰ ਨਾਲ ਗਲ ਕਰੋ।

## ਸਾਡੀ PICU ਰਿਟ੍ਰੀਵਲ ਟੀਮ

ਜੇ ਕਿਸੇ PICU ਵਿਚ ਤਬਦੀਲ ਕਰਨਾ ਤੁਹਾਡੇ ਬਚੇ ਲਈ ਸਭ ਤੋਂ ਵਧੀਆ ਵਿਕਲਪ ਹੈ, ਤਾਂ ਤੁਸੀਂ PICU ਰਿਟ੍ਰੀਵਲ ਟੀਮ ਨੂੰ ਮਿਲੋਗੇ। PICU ਰਿਟ੍ਰੀਵਲ ਟੀਮ ਡਾਕਟਰੀ ਮਾਹਰਾਂ ਦਾ ਇਕ ਸਮੂਹ ਹੈ ਜੋ ਤੁਹਾਡੇ ਬਚੇ ਨੂੰ ਉਹਨਾਂ ਦੇ ਮੌਜੂਦਾ ਸਥਾਨ ਤੋਂ PICU ਵਿਚ ਤਬਦੀਲ ਕਰਨ ਲਈ ਜ਼ਿੰਮੇਵਾਰ ਹੁੰਦੀ ਹੈ। ਟੀਮ ਇਕ ਸੀਨੀਅਰ ਡਾਕਟਰ ਜਾਂ ਐਡਵਾਂਸਡ ਨਰਸ ਪ੍ਰੈਕਟੀਸ਼ਨਰ, ਇਕ ਮਾਹਰ ਨਰਸ ਅਤੇ ਇਕ ਕ੍ਰਿਟੀਕਲ ਕੇਅਰ ਟੈਕਨੋਲੋਜਿਸਟ ਤੋਂ ਬਣੀ ਹੈ, ਜਿਨ੍ਹਾਂ ਸਾਰਿਆਂ ਨੇ ਬਿਮਾਰ ਬਚਿਆਂ ਦੇ ਸੁਰਖਿਅਤ ਤਬਾਦਲੇ ਵਿਚ ਮਾਹਰ ਸਿਖਲਾਈ ਪ੍ਰਾਪਤ ਕੀਤੀ ਹੈ।

ਜਦੋਂ ਅਸੀਂ ਤੁਹਾਡੇ ਬਚੇ ਦੇ ਹਸਪਤਾਲ ਪਹੁੰਚਦੇ ਹਾਂ ਤਾਂ ਅਸੀਂ ਤੁਹਾਡੇ ਨਾਲ ਆਪਣੀ ਜਾਣ-ਪਛਾਣ ਕਰਾਵਾਂਗੇ। ਫਿਰ ਅਸੀਂ ਤੁਹਾਡੇ ਬਚੇ ਨੂੰ ਮਿਲਾਂਗੇ ਅਤੇ ਮੁਲਾਂਕਣ ਕਰਾਂਗੇ ਅਤੇ ਹਸਪਤਾਲ ਦੀ ਟੀਮ ਨੂੰ ਉਸ ਇਲਾਜ ਬਾਰੇ ਪੂਰੀ ਤਰ੍ਹਾਂ ਦਸਣ ਲਈ ਕਹਾਂਗੇ ਜੋ ਉਨ੍ਹਾਂ ਨੂੰ ਹੁਣ ਤਕ ਦਿਤਾ ਗਿਆ ਹੈ।



# ਆਕਸਫੋਰਡ ਵਿਖੇ PICU

## ਆਕਸਫੋਰਡ ਵਿਖੇ PICU ਕਿਵੇਂ ਲੱਭਣਾ ਹੈ

ਪੀਡੀਐਟ੍ਰਿਕ ਕ੍ਰਿਟੀਕਲ ਕੇਅਰ ਸੇਵਾਵਾਂ ਜੌਹਨ ਰੈਡਕਲਿਫ ਹਸਪਤਾਲ (**ਲੈਵਲ 1**), ਮੁਖ ਇਮਾਰਤ ਵਿਖੇ ਹਨ।
ਲਿਫਟ ਲਾਬੀ ਖੇਤਰ ਤੋਂ ਖਬੇ ਪਾਸੇ ਮੁੜੋ ਅਤੇ ਲਾਂਘੇ ਦੇ ਅੰਤ 'ਤੇ ਦਰਖਤ ਦੇ ਚਿਤਰਾਂ ਵਲ ਜਾਓ।

## ਆਕਸਫੋਰਡ ਵਿਖੇ ਆਉਣਾ

- ਪਰਿਵਾਰ ਦੇ ਸਾਰੇ ਮੈਂਬਰਾਂ ਦਾ ਰਾਤ 8 ਵਜੇ ਤੋਂ ਪਹਿਲਾਂ ਆਉਣ ਲਈ ਸਵਾਗਤ ਹੈ। ਇਸ ਤੋਂ ਬਾਅਦ ਸਿਰਫ ਮਾਪੇ/ਸੰਭਾਲ ਕਰਤਾ ਹੀ ਆ ਸਕਦੇ ਹਨ, ਤਾਂ ਜੋ ਬਚਿਆਂ ਨੂੰ ਕੁਝ ਆਰਾਮ ਮਿਲ ਸਕੇ।
- ਕਿਸੇ ਵੀ ਸਮੇਂ ਹਰੇਕ ਬਚੇ ਨੂੰ ਸਿਰਫ ਦੋ ਜਣੇ ਹੀ ਮਿਲ ਸਕਦੇ ਹਨ।
- ਭੈਣ-ਭਰਾ ਮਿਲ ਸਕਦੇ ਹਨ, ਪਰ ਅਸੀਂ ਦੂਜੇ ਬਚਿਆਂ ਨੂੰ ਮਿਲਣ ਦੀ ਆਗਿਆ ਨਹੀਂ ਦਿੰਦੇ।
- ਇੰਟਰਕਾਮ ਦੀ ਵਰਤੋਂ ਕਰੋ ਅਤੇ ਅੰਦਰ ਜਾਣ ਦੀ ਉਡੀਕ ਕਰੋ।
- ਜਦੋਂ ਤੁਸੀਂ ਪਹੁੰਚਦੇ ਹੋ ਅਤੇ ਵਾਪਸ ਜਾਂਦੇ ਹੋ ਤਾਂ ਆਪਣੇ ਹਥ ਧੋਵੋ ਅਤੇ ਹੈਂਡ ਜੈੱਲ ਦੀ ਵਰਤੋਂ ਕਰੋ।

## ਆਕਸਫੋਰਡ ਵਿਖੇ ਰਿਹਾਇਸ਼

ਪਰਿਵਾਰਕ ਮੈਂਬਰਾਂ ਲਈ ਬਿਸਤਰੇ 'ਤੇ ਜਾਂ PICU ਵਿਖੇ ਸੌਣ ਦੀਆਂ ਕੋਈ ਸਹੂਲਤਾਂ ਨਹੀਂ ਹਨ, ਪਰ ਬਚਿਆਂ ਦੇ ਹਸਪਤਾਲ ਦੇ ਲੈਵਲ 2 'ਤੇ ਰੋਨਾਲਡ ਮੈਕਡੋਨਲਡ ਹਾਊਸ ਦੀ ਸਹੂਲਤ ਹੈ। ਉਹ ਤੁਹਾਡੇ ਰਹਿਣ ਦਾ ਪ੍ਰਬੰਧ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨਗੇ। ਜੇ ਰੋਨਾਲਡ ਮੈਕਡੋਨਲਡ ਹਾਊਸ ਕੋਲ ਕੋਈ ਕਮਰਾ ਨਹੀਂ ਹੈ, ਜਾਂ ਜੇ ਤੁਸੀਂ ਦੇਰ ਰਾਤ ਪਹੁੰਚਦੇ ਹੋ, ਤਾਂ ਸਾਡੇ ਕੋਲ ਮੁਖ ਜੌਨ ਰੈਡਕਲਿਫ ਹਸਪਤਾਲ ਦੇ ਲੈਵਲ 8 'ਤੇ ਦੋ ਐਮਰਜੈਂਸੀ ਕਮਰੇ ਹਨ। ਹਰ ਮਾਪਿਆਂ ਦੇ ਕਮਰੇ ਵਿਚ ਇਕ ਟੈਲੀਫੋਨ ਹੁੰਦਾ ਹੈ, ਇਸ ਲਈ ਜੇ ਤੁਹਾਡੇ ਬਚੇ ਨੂੰ ਰਾਤ ਭਰ ਤੁਹਾਡੀ ਲੋੜ ਪੈਂਦੀ ਹੈ ਤਾਂ ਅਸੀਂ ਤੁਹਾਨੂੰ ਕਾਲ ਕਰਾਂਗੇ ਅਤੇ ਤੁਹਾਨੂੰ PICU ਵਿਚ ਆਉਣ ਲਈ ਕਹਾਂਗੇ।

## ਆਕਸਫੋਰਡ ਵਿਖੇ ਸਹਾਇਤਾ

ਮਨੋਵਿਗਿਆਨਕ ਸਹਾਇਤਾ ਉਪਲਬਧ ਹੈ ਅਤੇ ਗੰਭੀਰ ਸੰਭਾਲ ਵਿਚਲੇ ਸਾਰੇ ਮਰੀਜ਼ਾਂ ਅਤੇ ਪਰਿਵਾਰਾਂ ਲਈ ਇਸਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਥੇ ਬਹੁਤ ਸਾਰੇ ਸਹਾਇਤਾ ਸਮੂਹ ਵੀ ਹਨ।
ਕਿਰਪਾ ਕਰਕੇ ਵੇਰਵਿਆਂ ਲਈ ਨਰਸਾਂ ਨੂੰ ਪੁਛੋ।



# ਆਕਸਫੋਰਡ ਜੌਹਨ ਰੈਡਕਲਿਫ ਹਸਪਤਾਲ ਤੱਕ

## ਕਾਰ ਰਾਹੀਂ ਪਹੁੰਚਣਾ

ਆਕਸਫੋਰਡ ਲਈ ਸੰਕੇਤਾਂ ਦੀ ਪਾਲਣਾ ਕਰੋ ਫਿਰ ''H' / 'A&E' ਅਤੇ 'Hospitals' ਦੇ ਚਿੰਨ੍ਹਾਂ ਦੀ ਪਾਲਣਾ ਕਰੋ। ਤੁਹਾਨੂੰ A40 ਉੱਤਰੀ ਬਾਈਪਾਸ, ਅਤੇ B4150 (ਮਾਰਸ਼ ਲੇਨ) ਰਾਹੀਂ ਜਾਂ A420 ਲੰਡਨ ਰੋਡ 'ਤੇ ਹੈਡਿੰਗਟਨ ਰਾਹੀਂ ਨਿਰਦੇਸ਼ਿਤ ਕੀਤਾ ਜਾਵੇਗਾ। ਇਹ ਰਸਤੇ ਤੁਹਾਨੂੰ B4495 (ਹੈਡਲੀ ਵੇਅ) ਤਕ ਲੈ ਜਾਂਦੇ ਹਨ। ਜੌਨ ਰੈਡਕਲਿਫ ਤਕ ਪਹੁੰਚਣ ਵਾਲੀ ਸੜਕ ਹੈਡਲੀ ਵੇਅ 'ਤੇ ਹੈ।

ਵੁਡਸਟਾਕ ਰੋਡ ਤੋਂ, ਇਕ ਮੀਲ ਉੱਤਰ ਵਲ ਯਾਤਰਾ ਕਰੋ, ਫਿਰ ''H' ਅਤੇ 'A&E' ਅਤੇ 'ਜੌਨ ਰੈਡਕਲਿਫ' ਚਿੰਨ੍ਹਾਂ ਦੀ ਪਾਲਣਾ ਕਰਦਿਆਂ ਸਜੇ (ਮੋਰਟਨ ਰੋਡ) ਮਾਰਸਟਨ ਫੈਰੀ ਰੋਡ ਤੋਂ ਹੈਡਲੀ ਵੇਅ ਤਕ।

ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਵੈੱਬਸਾਈਟ **www.ouh.nhs.uk ਦੇਖੋ**

## ਪਾਰਕਿੰਗ

ਪਾਰਕਿੰਗ ਪੇਅ ਅਤੇ ਡਿਸਪਲੇ ਵਾਲੀ ਹੈ। ਗੰਭੀਰ ਦੇਖਭਾਲ ਵਿਚ ਦਾਖਲ ਬਚੇ ਦੇ ਮਾਪਿਆਂ ਜਾਂ ਸੰਭਾਲ ਕਰਤਾਵਾਂ ਲਈ ਇਕ ਮੁਫਤ ਪਰਮਿਟ ਉਪਲਬਧ ਹੈ। ਇਕ ਵਾਰ ਜਦੋਂ ਤੁਹਾਡੇ ਕੋਲ ਪਰਮਿਟ ਆ ਜਾਂਦਾ ਹੈ ਤਾਂ ਤੁਸੀਂ ਸਟਾਫ ਕਾਰ ਪਾਰਕਾਂ ਵਿਚ ਪਾਰਕ ਕਰ ਸਕਦੇ ਹੋ।

## ਕੋਚ ਰਾਹੀਂ

ਆਕਸਫੋਰਡ ਬਸ ਕੰਪਨੀ: **018 6578 5400**
ਆਕਸਫੋਰਡ ਟਿਊਬ: **018 6577 2250**

## ਰੇਲ ਰਾਹੀਂ

ਆਕਸਫੋਰਡ ਰੇਲਵੇ ਸਟੇਸ਼ਨ ਜੌਨ ਰੈਡਕਲਿਫ ਹਸਪਤਾਲ ਤੋਂ 3 ਮੀਲ ਦੀ ਦੂਰੀ 'ਤੇ ਹੈ, ਲੰਡਨ (ਪੈਡਿੰਗਟਨ) ਅਤੇ ਯੂਕੇ ਦੇ ਕਈ ਹੋਰ ਹਿਸਿਆਂ ਤੋਂ ਇਸ ਲਈ ਰੇਲ ਗਡੀਆਂ ਆਮ ਆਉਂਦੀਆਂ ਹਨ। ਕਿਰਪਾ ਕਰਕੇ ਸਟੇਸ਼ਨ ਫੋਰਕੋਰਟ ਤੋਂ ਟੈਕਸੀ ਦੁਆਰਾ ਘਟੋ ਘਟ 15 ਤੋਂ 20 ਮਿੰਟ ਅਤੇ ਬਸ ਦੁਆਰਾ 30 ਮਿੰਟਾਂ ਦੀ ਆਗਿਆ ਦਿਓ।

## ਮੋਟਰਸਾਈਕਲ ਅਤੇ ਸਾਈਕਲ ਰਾਹੀਂ

ਕਾਰ ਪਾਰਕ 3 ਵਿਚ ਵੈਸਟ ਵਿੰਗ ਦੇ ਹੇਠਾਂ ਅਤੇ ਸਟਾਫ ਕਾਰ ਪਾਰਕ D ਦੀ ਗਰਾਊਂਡ ਫਲੋਰ 'ਤੇ ਮੁਫਤ ਮੋਟਰਸਾਈਕਲ ਪਾਰਕਿੰਗ ਹੈ।

## ਆਉਣ ਲਈ ਚੱਲਣ ਤੋਂ ਪਹਿਲਾਂ

ਜੇ ਅਸੀਂ ਫੈਸਲਾ ਕਰਦੇ ਹਾਂ ਕਿ ਤੁਹਾਡੇ ਬਚੇ ਨੂੰ PICU ਵਿਚ ਤਬਦੀਲ ਕਰਨਾ ਸਭ ਤੋਂ ਵਧੀਆ ਵਿਕਲਪ ਹੈ, ਤਾਂ ਸਾਨੂੰ ਉਹਨਾਂ ਨਾਲ ਥੋੜ੍ਹਾ ਹੋਰ ਸਮਾਂ ਬਿਤਾਉਣ ਅਤੇ ਸੰਭਵ ਤੌਰ 'ਤੇ ਅਗਲੇਰੇ ਇਲਾਜ ਕਰਨ ਦੀ ਲੋੜ ਪੈ ਸਕਦੀ ਹੈ, ਇਸ ਤੋਂ ਪਹਿਲਾਂ ਕਿ ਉਹਨਾਂ ਨੂੰ ਲਿਜਾਣਾ ਸੁਰਖਿਅਤ ਹੋਵੇ।

ਇਕ ਵਾਰ ਜਦੋਂ ਸਾਡੇ ਕੋਲ ਲੋੜੀਂਦੀ ਸਾਰੀ ਜਾਣਕਾਰੀ ਹੋ ਜਾਂਦੀ ਹੈ, ਤਾਂ ਅਸੀਂ ਤੁਹਾਡੇ ਬਚੇ ਦੀ ਅਵਸਥਾ ਬਾਰੇ ਤੁਹਾਡੇ ਨਾਲ ਗਲ ਕਰਾਂਗੇ ਅਤੇ ਦਸਾਂਗੇ ਕਿ ਅਸੀਂ ਉਹਨਾਂ ਨੂੰ ਯਾਤਰਾ ਲਈ ਤਿਆਰ ਕਰਨ ਲਈ ਕੀ ਕੀਤਾ ਗਿਆ ਹੈ। ਅਸੀਂ ਤੁਹਾਡੇ ਕਿਸੇ ਵੀ ਸਵਾਲਾਂ ਦਾ ਜਵਾਬ ਦੇਣ ਲਈ ਇਥੇ ਹਾਂ, ਇਸ ਲਈ ਕਿਰਪਾ ਕਰਕੇ ਸਾਨੂੰ ਉਹ ਕੁਝ ਵੀ ਪੁਛਣ ਲਈ ਸੁਤੰਤਰ ਮਹਿਸੂਸ ਕਰੋ ਜੋ ਤੁਸੀਂ ਜਾਣਨਾ ਚਾਹੁੰਦੇ ਹੋ। ਇਹ ਮਹਤਵਪੂਰਨ ਹੈ ਕਿ ਤੁਹਾਡੇ ਕੋਲ ਸਾਰੀ ਉਪਲਬਧ ਜਾਣਕਾਰੀ ਹੋਵੇ।

## ਆਪਣੇ ਬੱਚੇ ਨਾਲ ਯਾਤਰਾ ਕਰਨਾ

ਆਮ ਤੌਰ 'ਤੇ ਮਾਪਿਆਂ ਵਿਚੋਂ ਇਕ ਐਂਬੂਲੈਂਸ ਵਿਚ ਯਾਤਰਾ ਕਰ ਸਕਦੇ ਹਨ (ਅਤੇ ਕਈ ਵਾਰ ਦੋਵੇਂ ਮਾਪੇ, ਸਥਿਤੀ ਦੇ ਅਧਾਰ 'ਤੇ)। ਤੁਹਾਨੂੰ ਹਰ ਸਮੇਂ ਆਪਣੀ ਸੀਟ ਬੈਲਟ ਲਗਾ ਕੇ ਬੈਠਣ ਦੀ ਲੋੜ ਪਵੇਗੀ। ਜਗ੍ਹਾ ਸੀਮਤ ਹੈ ਇਸ ਲਈ ਅਸੀਂ ਤੁਹਾਨੂੰ ਸਾਮਾਨ ਦਾ ਸਿਰਫ ਇਕ ਬੈਗ ਲਿਆਉਣ ਲਈ ਕਹਿੰਦੇ ਹਾਂ।

ਜੇ ਤੁਹਾਡੇ ਬਚੇ ਨੂੰ ਯਾਤਰਾ ਦੌਰਾਨ ਇਲਾਜ ਦੀ ਲੋੜ ਪੈਂਦੀ ਹੈ, ਤਾਂ ਐਂਬੂਲੈਂਸ ਰੁਕ ਜਾਵੇਗੀ। ਅਸੀਂ ਪੂਰੀ ਤਰ੍ਹਾਂ ਸਮਝਦੇ ਹਾਂ ਕਿ ਜੇ ਅਜਿਹਾ ਹੁੰਦਾ ਹੈ ਤਾਂ ਇਹ ਤੁਹਾਡੇ ਲਈ ਦੁਖਦਾਈ ਹੋਵੇਗਾ ਅਤੇ ਤੁਸੀਂ ਕੁਦਰਤੀ ਤੌਰ 'ਤੇ ਆਪਣੇ ਬਚੇ ਦੇ ਨੇੜੇ ਰਹਿਣਾ ਚਾਹੋਗੇ। ਹਾਲਾਂਕਿ ਤੁਹਾਡੇ ਲਈ ਬੈਠਣਾ ਅਤੇ ਜਿੰਨਾ ਸੰਭਵ ਹੋ ਸਕੇ ਸ਼ਾਂਤ ਰਹਿਣਾ ਬਹੁਤ ਮਹਤਵਪੂਰਨ ਹੈ। ਇਹ ਟੀਮ ਨੂੰ ਤੁਹਾਡੇ ਬਚੇ ਦੇ ਇਲਾਜ 'ਤੇ ਧਿਆਨ ਕੇਂਦਰਿਤ ਕਰਨ ਦੇ ਯੋਗ ਬਣਾਏਗਾ। ਇਹ ਸਭ ਤੋਂ ਵਧੀਆ ਚੀਜ਼ ਹੈ ਜੋ ਤੁਸੀਂ ਉਸ ਸਮੇਂ ਆਪਣੇ ਬਚੇ ਲਈ ਕਰ ਸਕਦੇ ਹੋ।

ਟੀਮ ਤੁਹਾਨੂੰ ਸਾਰੀ ਯਾਤਰਾ ਦੌਰਾਨ ਤੁਹਾਡੇ ਬਚੇ ਦੀ ਸਥਿਤੀ ਬਾਰੇ ਅਪਡੇਟ ਰਖਣ ਦੀ ਕੋਸ਼ਿਸ਼ ਕਰੇਗੀ। ਹਾਲਾਂਕਿ, ਜੇ ਤੁਰੰਤ ਇਲਾਜ ਦੀ ਲੋੜ ਹੈ ਤਾਂ ਉਹ ਪੂਰੀ ਤਰ੍ਹਾਂ ਤੁਹਾਡੇ ਬਚੇ 'ਤੇ ਧਿਆਨ ਕੇਂਦਰਿਤ ਕਰਨਗੇ ਅਤੇ ਜਿਵੇਂ ਹੀ ਅਜਿਹਾ ਕਰਨਾ ਸੁਰਖਿਅਤ ਹੁੰਦਾ ਹੈ ਤੁਹਾਨੂੰ ਸਭ ਕੁਝ ਸਮਝਾਉਣਗੇ। ਕੁਝ ਮਾਮਲਿਆਂ ਵਿਚ, ਇਹ ਉਦੋਂ ਤਕ ਨਹੀਂ ਹੋ ਸਕਦਾ ਜਦੋਂ ਤਕ ਤੁਸੀਂ ਕਿਸੇ PICU ਵਿਖੇ ਨਹੀਂ ਪਹੁੰਚਦੇ।

ਐਂਬੂਲੈਂਸ ਭਾਰੀ ਟ੍ਰੈਫਿਕ ਰਾਹੀਂ ਲਾਈਟਾਂ ਅਤੇ ਸਾਈਰਨ ਦੀ ਵਰਤੋਂ ਕਰਕੇ ਯਾਤਰਾ ਕਰ ਸਕਦੀ ਹੈ। ਜੇ ਤੁਸੀਂ ਆਮ ਤੌਰ 'ਤੇ ਮੋਸ਼ਨ ਸਿਕਨੇਸ ਤੋਂ ਪੀੜਤ ਹੋ, ਤਾਂ ਤੁਸੀਂ ਮਹਿਸੂਸ ਕਰੋਗੇ ਕਿ ਯਾਤਰਾ ਦੌਰਾਨ ਇਹ ਹੋਰ ਵੀ ਬਦਤਰ ਹੋ ਜਾਂਦਾ ਹੈ।



## ਜੇ ਤੁਸੀਂ ਐਂਬੂਲੈਂਸ ਵਿੱਚ ਯਾਤਰਾ ਕਰਨ ਦੇ ਅਯੋਗ ਹੋ

ਅਜਿਹੇ ਸਮੇਂ ਹੋ ਸਕਦੇ ਹਨ ਜਦੋਂ, ਤੁਹਾਡੇ ਬਚੇ ਦੀ ਸੁਰਖਿਆ ਦੇ ਹਿਤਾਂ ਵਿਚ, ਅਸੀਂ ਕੇਵਲ ਡਾਕਟਰੀ ਟੀਮ ਨੂੰ ਐਂਬੂਲੈਂਸ ਵਿਚ ਤੁਹਾਡੇ ਬਚੇ ਨਾਲ ਜਾਣ ਦੀ ਆਗਿਆ ਦਿੰਦੇ ਹਾਂ। ਇਸ ਸਥਿਤੀ ਵਿਚ ਅਸੀਂ ਤੁਹਾਨੂੰ ਜਾਂ ਤੁਹਾਡੇ ਬਚੇ ਦੇ ਮੌਜੂਦਾ ਹਸਪਤਾਲ ਨੂੰ ਤੁਹਾਡੀ ਆਵਾਜਾਈ ਦਾ ਪ੍ਰਬੰਧ ਕਰਨ ਲਈ ਕਹਾਂਗੇ। ਹਰ ਕਿਸੇ ਦੀ ਸੁਰਖਿਆ ਲਈ ਅਸੀਂ ਬੇਨਤੀ ਕਰਦੇ ਹਾਂ ਕਿ ਤੁਸੀਂ ਐਂਬੂਲੈਂਸ ਦਾ ਪਿਛਾ ਨਾ ਕਰੋ। ਅਸੀਂ ਜਾਣਦੇ ਹਾਂ ਕਿ ਇਹ ਤੁਹਾਡੇ ਲਈ ਇਕ ਤਣਾਅਪੂਰਨ ਸਮਾਂ ਹੈ ਪਰ ਇਕ ਸਥਿਰ ਯਾਤਰਾ ਕਰਨਾ ਤੁਹਾਡੇ ਅਤੇ ਤੁਹਾਡੇ ਬਚੇ ਦੋਵਾਂ ਦੇ ਸਭ ਤੋਂ ਵਧੀਆ ਹਿਤਾਂ ਵਿਚ ਹੈ।

ਜੇ ਤੁਹਾਨੂੰ ਹਸਪਤਾਲ ਵਿਚ ਰਹਿਣ ਦੀ ਲੋੜ ਹੈ ਤਾਂ ਅਸੀਂ ਤੁਹਾਨੂੰ ਰਿਹਾਇਸ਼ ਪ੍ਰਦਾਨ ਕਰਨ ਦਾ ਟੀਚਾ ਰਖਾਂਗੇ। ਜੇ ਲੋੜ ਪਵੇ ਤਾਂ ਅਸੀਂ ਤੁਹਾਨੂੰ ਇਸ ਬਾਰੇ ਅਤੇ ਪਾਰਕਿੰਗ ਵਿਕਲਪਾਂ ਬਾਰੇ ਜਾਣਕਾਰੀ ਪ੍ਰਦਾਨ ਕਰ ਸਕਦੇ ਹਾਂ।

## ਪਹੁੰਚਣ 'ਤੇ

ਤੁਹਾਡੇ ਨਿਰਧਾਰਤ PICU ਵਿਚ ਪਹੁੰਚਣ 'ਤੇ, ਟੀਮ ਤੁਹਾਡੇ ਬਚੇ ਦੀ ਸੰਭਾਲ ਨੂੰ ਪ੍ਰਾਪਤ ਕਰਨ ਵਾਲੇ ਯੂਨਿਟ ਵਿਚ ਤਬਦੀਲ ਕਰ ਦੇਵੇਗੀ। ਜਦੋਂ ਇਹ ਪ੍ਰਕਿਰਿਆ ਹੁੰਦੀ ਹੈ ਤਾਂ ਟੀਮ ਤੁਹਾਨੂੰ ਮਾਪਿਆਂ ਦੇ ਕਮਰੇ ਵਿਚ ਬੈਠਣ ਲਈ ਕਹਿ ਸਕਦੀ ਹੈ। ਇਕ ਵਾਰ ਜਦੋਂ ਤੁਹਾਡਾ ਬਚਾ ਮੌਨੀਟਰਾਂ 'ਤੇ ਸਥਿਰ ਹੋ ਜਾਂਦਾ ਹੈ, ਤਾਂ PICU ਨਰਸ ਤੁਹਾਨੂੰ ਤੁਹਾਡੇ ਬਚੇ ਨੂੰ ਦੇਖਣ ਲਈ ਲਿਆਏਗੀ।

## PICU ਵਿੱਚ ਮਾਪੇ

PICU ਵਿਚ, ਸਟਾਫ ਅਤੇ ਮਾਪੇ ਇਕਠੇ ਕੰਮ ਕਰਦੇ ਹਨ। ਇਸਦਾ ਮਤਲਬ ਹੈ ਕਿ ਅਸੀਂ ਇਕ ਦੂਜੇ ਨਾਲ ਖੁਲ੍ਹੇ ਅਤੇ ਇਮਾਨਦਾਰ ਹਾਂ, ਜਾਣਕਾਰੀ ਨੂੰ ਸੁਤੰਤਰ ਰੂਪ ਵਿਚ ਸਾਂਝਾ ਕਰਦੇ ਹਾਂ ਅਤੇ ਇਕਠੇ ਫੈਸਲੇ ਲੈਂਦੇ ਹਾਂ। ਬਚੇ ਲਈ, ਮਾਪੇ ਟੀਮ ਦੇ ਸਭ ਤੋਂ ਮਹਤਵਪੂਰਨ ਮੈਂਬਰ ਹੁੰਦੇ ਹਨ ਕਿਉਂਕਿ ਉਹ ਉਨ੍ਹਾਂ ਤਰੀਕਿਆਂ ਨਾਲ ਆਰਾਮ ਅਤੇ ਸਹਾਇਤਾ ਦੀ ਪੇਸ਼ਕਸ਼ ਕਰਨ ਦੇ ਯੋਗ ਹੁੰਦੇ ਹਨ ਜੋ ਕੋਈ ਹੋਰ ਨਹੀਂ ਕਰ ਸਕਦਾ। ਭਾਵੇਂ ਤੁਹਾਡਾ ਬਚਾ ਸੁਤਾ ਹੋਇਆ ਹੈ ਜਾਂ ਟਿਊਬਾਂ ਅਤੇ ਮਸ਼ੀਨਰੀ ਕਾਰਨ ਚਲਣ ਦੇ ਅਯੋਗ ਹੈ, ਫਿਰ ਵੀ ਤੁਹਾਡੇ ਹਥ ਦੇ ਛੂਹਣ ਅਤੇ ਤੁਹਾਡੇ ਬੋਲਣ ਦੀ ਆਵਾਜ਼ ਉਨ੍ਹਾਂ ਨੂੰ ਭਰੋਸਾ ਦਿਵਾਉਣ ਦੇ ਤਰੀਕੇ ਹਨ।

ਬਚਿਆਂ ਅਤੇ ਨਵਜਾਤਾਂ ਦੇ ਮਾਪਿਆਂ ਲਈ, ਆਪਣੇ ਬਚੇ ਨਾਲ ਆਪਣੇ ਆਪ ਨੂੰ ਜਾਣੂ ਕਰਵਾਉਣ ਦੇ ਤਰੀਕੇ ਲਭਣਾ ਮਹਤਵਪੂਰਨ ਹੈ। ਯਾਦ ਰਖੋ ਕਿ ਬਚੇ ਪਹਿਲਾਂ ਆਵਾਜ਼ਾਂ ਨੂੰ ਪਛਾਣਨਾ ਸਿਖਦੇ ਹਨ।

## ਆਕਸਫੋਰਡ ਵਿਖੇ PICU




### ਬੱਚਿਆਂ ਦਾ ਹਸਪਤਾਲ

### ਜੌਹਨ ਰੈਡਕਲਿਫ ਹਸਪਤਾਲ


ਹੈਡਲੀ ਵੇਅ

ਆਕਸਫੋਰਡ

**OX3 9DU**

**01865 220 632**

# ਸਾਊਥੈਂਪਟਨ ਵਿਖੇ PICU

## ਸਾਊਥੈਂਪਟਨ ਵਿਖੇ PICU ਨੂੰ ਕਿਵੇਂ ਲੱਭਣਾ ਹੈ

PICU ਸਾਊਥੈਂਪਟਨ ਜਨਰਲ ਹਸਪਤਾਲ ਦੇ ਸੈਂਟਰ ਬਲਾਕ ਵਿਚ **D ਲੈਵਲ** ‘ਤੇ ਸਥਿਤ ਹੈ। C ਲੈਵਲ 'ਤੇ ਮੁਖ ਪ੍ਰਵੇਸ਼ ਦੁਆਰ ਤੋਂ ਤੁਹਾਨੂੰ ਇਕ ਉੱਪਰਲੀ ਮੰਜ਼ਿਲ ਲਈ ਲਿਫਟ ਜਾਂ ਪੌੜੀਆਂ ਲੈਣੀਆਂ ਚਾਹੀਦੀਆਂ ਹਨ। D ਲੈਵਲ ‘ਤੇ ਸਪਸ਼ਟ ਤੌਰ 'ਤੇ PICU ਲਈ ਨਿਸ਼ਾਨਦੇਹੀ ਕੀਤੀ ਹੋਈ ਹੈ।

ਹਸਪਤਾਲ ਦੇ ਆਲੇ-ਦੁਆਲੇ ਹੋਰ ਦਿਸ਼ਾ-ਨਿਰਦੇਸ਼ਾਂ ਲਈ ਕਿਰਪਾ ਕਰਕੇ ਮੁਖ ਪ੍ਰਵੇਸ਼ ਦੁਆਰ 'ਤੇ ਪੁਛਗਿਛ ਕਰੋ।

## ਸਾਊਥੈਂਪਟਨ ਵਿਖੇ ਦੌਰਾ ਕਰਨਾ

ਅਸੀਂ ਮਾਪਿਆਂ ਨੂੰ ਯੂਨਿਟ ਵਿਚ ਆਉਣ ਵਾਲੇ ਮਹਿਮਾਨਾਂ ਵਜੋਂ ਨਹੀਂ ਦੇਖਦੇ, ਇਸ ਲਈ ਤੁਸੀਂ ਆਪਣੇ ਬਚੇ ਨਾਲ ਜਿੰਨਾ ਚਾਹੋ ਰਹਿ ਸਕਦੇ ਹੋ। ਹਾਲਾਂਕਿ, PICU ਇਕ ਵਿਅਸਤ ਖੇਤਰ ਹੈ, ਇਸ ਲਈ ਸਾਡੇ ਕੋਲ ਕੁਝ ਦਿਸ਼ਾ-ਨਿਰਦੇਸ਼ ਹਨ ਜਿੰਨ੍ਹਾਂ ਦੀ ਪਾਲਣਾ ਕਰਨ ਲਈ ਅਸੀਂ ਤੁਹਾਨੂੰ ਕਹਿੰਦੇ ਹਾਂ:

- ਅੰਦਰ ਆਉਣ ਤੋਂ ਪਹਿਲਾਂ ਕਾਲ ਕਰਨ ਲਈ ਦਰਵਾਜ਼ੇ ਦੇ ਬਾਹਰ ਇੰਟਰਕਾਮ ਦੀ ਵਰਤੋਂ ਕਰੋ।
- ਸਟਾਫ ਨੂੰ ਦਸੋ ਕਿ ਕੀ ਤੁਸੀਂ ਇਸ ਯੂਨਿਟ ਵਿਚ ਪਹਿਲੀ ਵਾਰ ਆ ਰਹੇ ਹੋ।
- ਆਪਣੇ ਦੂਜੇ ਬਚਿਆਂ ਦੀ ਨਿਗਰਾਨੀ ਕਰਨਾ ਯਾਦ ਰਖੋ ਜਦੋਂ ਉਹ ਮੁਲਾਕਾਤ ਕਰ ਰਹੇ ਹੋਣ।
- ਅਸੀਂ ਕਿਸੇ ਵੀ ਸਮੇਂ ਸਿਰਫ ਦੋ ਜਾਂ ਤਿੰਨ ਲੋਕਾਂ ਨੂੰ ਮਿਲਣ ਦੀ ਸਿਫਾਰਸ਼ ਕਰਦੇ ਹਾਂ।
- ਜਿਹੜੇ ਮੁਲਾਕਾਤੀ ਬਿਮਾਰ ਹੁੰਦੇ ਹਨ, ਉਨ੍ਹਾਂ ਨੂੰ ਹਸਪਤਾਲ ਵਿਚ ਨਹੀਂ ਆਉਣਾ ਚਾਹੀਦਾ ਜਦੋਂ ਤਕ ਉਹ 72 ਘੰਟਿਆਂ ਲਈ ਲਛਣਾਂ ਤੋਂ ਮੁਕਤ ਨਹੀਂ ਹੁੰਦੇ।
- ਜਦੋਂ ਤੁਸੀਂ ਪਹੁੰਚਦੇ ਹੋ ਅਤੇ ਵਾਪਸ ਜਾਂਦੇ ਹੋ ਤਾਂ ਆਪਣੇ ਹਥ ਧੋਵੋ ਅਤੇ ਹੈਂਡ ਜੈੱਲ ਦੀ ਵਰਤੋਂ ਕਰੋ।

## ਸਾਊਥੈਂਪਟਨ ਵਿਖੇ ਰਿਹਾਇਸ਼

ਮਾਪਿਆਂ ਦੀ ਰਿਹਾਇਸ਼ PICU ਤੋਂ ਮੁਖ ਕੋਰੀਡੋਰ ਦੇ ਪਾਰ ਸਥਿਤ ਹੈ। ਕਮਰੇ ਸਭ ਤੋਂ ਵਡੀ ਜ਼ਰੂਰਤ ਦੇ ਅਧਾਰ ‘ਤੇ ਅਲਾਟ ਕੀਤੇ ਜਾਂਦੇ ਹਨ, ਇਸ ਲਈ ਇਹ ਸੰਭਵ ਹੈ ਕਿ ਤੁਹਾਨੂੰ ਵਿਕਲਪਕ ਰਿਹਾਇਸ਼, ਜਿਵੇਂ ਕਿ ਰੋਨਾਲਡ ਮੈਕਡੋਨਲਡ ਹਾਊਸ ਵਿਚ ਜਾਣ ਲਈ ਕਿਹਾ ਜਾ ਸਕਦਾ ਹੈ।

## ਸਾਊਥੈਂਪਟਨ ਵਿਖੇ ਸਹੂਲਤਾਂ

ਸਾਊਥੈਮਪਟਨ ਜਨਰਲ ਹਸਪਤਾਲ ਦੇ B ਲੈਵਲ 'ਤੇ ਮਰੀਜ਼ਾਂ, ਮੁਲਾਕਾਤੀਆਂ ਅਤੇ ਸਟਾਫ ਲਈ ਇਕ ਰੈਸਟੋਰੈਂਟ ਹੈ (ਡਿਸਕਾਊਂਟ ਵਾਊਚਰ ਉਪਲਬਧ ਹਨ), ਅਤੇ ਨਾਲ ਹੀ C ਲੈਵਲ 'ਤੇ ਹਸਪਤਾਲ ਦੇ ਮੁਖ ਪ੍ਰਵੇਸ਼ ਖੇਤਰ ਵਿਚ ਹੋਰ ਭੋਜਨ ਦੀਆਂ ਦੁਕਾਨਾਂ ਵੀ ਹਨ।

# ਸਾਊਥੈਂਪਟਨ ਵਿਖੇ PICU




## ਸਾਊਥੈਂਪਟਨ ਚਿਲਡਰਨਜ਼ ਹਸਪਤਾਲ

### ਸਾਊਥੈਂਪਟਨ ਜਨਰਲ ਹਸਪਤਾਲ

ਟ੍ਰੇਮੋਨਾ ਰੋਡ

ਸਾਊਥੈਂਪਟਨ

**SO16 6LY**

# ਸਾਊਥੈਂਪਟਨ ਜਨਰਲ ਹਸਪਤਾਲ ਤੱਕ

## ਕਾਰ ਰਾਹੀਂ ਪਹੁੰਚਣਾ

ਹਸਪਤਾਲ ਦੇ ਹਰੇਕ ਪ੍ਰਵੇਸ਼ ਦੁਆਰ ਦੇ ਬਾਹਰ ਅਤੇ ਸਾਡੀਆਂ ਸਾਈਟਾਂ ਦੇ ਆਲੇ-ਦੁਆਲੇ ਹੋਰ ਥਾਵਾਂ 'ਤੇ ਸਪਸ਼ਟ ਤੌਰ 'ਤੇ ਸਾਈਨਪੋਸਟ ਕੀਤੇ ਡਰਾਪ-ਆਫ/ਕੁਲੈਕਸ਼ਨ ਪੁਆਇੰਟ ਹਨ।

ਜੇ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਦਾਖਲੇ ਅਤੇ ਬਾਹਰ ਨਿਕਲਣ ਦੀਆਂ ਰੁਕਾਵਟਾਂ ਵਿਚੋਂ ਹਰੇਕ ਅਤੇ ਪੈਦਲ ਚਲਣ ਵਾਲੀਆਂ ਮਸ਼ੀਨਾਂ ਵਿਚ ਇਕ ਜਾਣਕਾਰੀ ਬਟਨ ਹੁੰਦਾ ਹੈ ਜੋ ਤੁਹਾਨੂੰ ਕਿਸੇ ਟ੍ਰੈਫਿਕ ਜਾਂ ਸੁਰਖਿਆ ਅਧਿਕਾਰੀ ਤਕ ਪਹੁੰਚ ਪ੍ਰਦਾਨ ਕਰੇਗਾ ਜੋ ਮਦਦ ਕਰਕੇ ਖੁਸ਼ ਹੋਵੇਗਾ।

ਕਿਰਪਾ ਕਰਕੇ ਮੌਜੂਦਾ ਕਾਰ ਪਾਰਕ ਖਰਚਿਆਂ ਲਈ ਸਾਡੀ ਵੈੱਬਸਾਈਟ **www.uhs.nhs.uk** ਦੇਖੋ। ਜੇ ਤੁਸੀਂ ਛੇ ਘੰਟਿਆਂ ਤੋਂ ਵਧ ਸਮੇਂ ਤਕ ਰਹਿੰਦੇ ਹੋ, ਤਾਂ ਕਿਰਪਾ ਕਰਕੇ ਉਸ ਵਾਰਡ ਜਾਂ ਵਿਭਾਗ ਤੋਂ ਪਾਰਕਿੰਗ ਡਿਸਕਾਊਂਟ ਵਾਊਚਰ ਪ੍ਰਾਪਤ ਕਰੋ ਜਿਸਦਾ ਤੁਸੀਂ ਦੌਰਾ ਕਰ ਰਹੇ ਹੋ ਅਤੇ ਇਸਨੂੰ ਮੁਖ ਹਸਪਤਾਲ ਦੇ ਪ੍ਰਵੇਸ਼ ਦੁਆਰ 'ਤੇ ਸਥਿਤ ਸੁਰਖਿਆ ਡੈਸਕ 'ਤੇ ਲੈ ਜਾਓ।

ਰਿਹਾਇਸ਼ੀ ਮਾਪਿਆਂ ਅਤੇ ਇਲਾਜ ਪ੍ਰਾਪਤ ਕਰ ਰਹੇ ਸਾਡੇ ਕੁਝ ਮਰੀਜ਼ਾਂ ਲਈ ਵਿਸ਼ੇਸ਼ ਰਿਆਇਤਾਂ ਹਨ। ਇਨ੍ਹਾਂ ਬਾਰੇ ਹੋਰ ਜਾਣਕਾਰੀ ਸਿਧੇ ਵਾਰਡ ਜਾਂ ਵਿਭਾਗ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## ਦਿਸ਼ਾ-ਨਿਰਦੇਸ਼

ਨਕਸ਼ੇ ਅਤੇ ਹੋਰ ਲਾਭਦਾਇਕ ਯਾਤਰਾ ਜਾਣਕਾਰੀ ਸਾਡੀ ਵੈੱਬਸਾਈਟ **www.uhs.nhs.uk**ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।

## ਲੰਬੇ ਸਮੇਂ ਲਈ ਪਾਰਕਿੰਗ

ਜੇ ਤੁਹਾਨੂੰ ਕੁਝ ਦਿਨਾਂ ਤੋਂ ਵਧ ਸਮੇਂ ਲਈ ਕਾਰ ਪਾਰਕ ਦੀ ਵਰਤੋਂ ਕਰਨ ਦੀ ਜ਼ਰੂਰਤ ਹੈ, ਤਾਂ ਇਹ ਲੰਬੇ ਸਮੇਂ ਲਈ ਰਹਿਣ ਵਾਲੀ ਟਿਕਟ ਖਰੀਦਣ ਦੇ ਯੋਗ ਹੋ ਸਕਦਾ ਹੈ।

ਲੰਬੇ ਸਮੇਂ ਲਈ ਰਹਿਣ ਵਾਲੀਆਂ ਟਿਕਟਾਂ ਸਤ, 14 ਜਾਂ 30 ਦਿਨਾਂ ਲਈ ਅਸੀਮਤ ਪਾਰਕਿੰਗ ਦੀ ਆਗਿਆ ਦਿੰਦੀਆਂ ਹਨ। ਕਿਰਪਾ ਕਰਕੇ ਆਪਣੇ ਵਾਰਡ ਤੋਂ ਅਧਿਕਾਰਤ ਲੰਬੇ ਸਮੇਂ ਲਈ ਰਹਿਣ ਦਾ ਵਾਊਚਰ ਪ੍ਰਾਪਤ ਕਰੋ ਅਤੇ ਇਸਨੂੰ ਸਾਊਥੈਂਪਟਨ ਜਨਰਲ ਹਸਪਤਾਲ ਸਾਈਟ 'ਤੇ ਓਲਡ ਨਰਸਿਸ ਹੋਮ ਵਿਚ ਸਥਿਤ ਟ੍ਰੈਵਲਵਾਈਜ਼ ਦਫਤਰ ਵਿਚ ਲੈ ਜਾਓ।

ਮਾਪੇ ਅਤੇ ਸੰਭਾਲ ਕਰਤਾ ਜੋ ਆਪਣੇ ਬਚੇ ਨਾਲ ਰਹਿ ਰਹੇ ਹਨ, ਛੋਟ ਵਾਲੀ ਪਾਰਕਿੰਗ ਟਿਕਟ ਦੇ ਹਕਦਾਰ ਹਨ। ਕਿਰਪਾ ਕਰਕੇ ਇਸ ਬਾਰੇ ਆਪਣੀ ਨਰਸ ਨਾਲ ਗਲ ਕਰੋ।

## ਜਨਤਕ ਆਵਾਜਾਈ ਰਾਹੀਂ

ਸਾਡੇ ਹਸਪਤਾਲਾਂ ਵਿਚ ਆਉਣ-ਜਾਣ ਲਈ ਵਧੀਆ ਆਵਾਜਾਈ ਲਿੰਕ ਹਨ। ਬਸ ਕੰਪਨੀਆਂ ਲਈ ਸੰਪਰਕ ਨੰਬਰਾਂ ਸਮੇਤ ਹੋਰ ਜਾਣਕਾਰੀ, ਸਾਡੀ ਵੈੱਬਸਾਈਟ **www.uhs.nhs.uk** ਤੋਂ ਉਪਲਬਧ ਹੈ ਜਾਂ ਜਨਤਕ ਆਵਾਜਾਈ ਪੁਛਗਿਛ ਸੇਵਾ ਨੂੰ **0871 200 2233** 'ਤੇ ਕਾਲ ਕਰੋ। ਬਸ ਰੂਟ ਅਤੇ ਸਮਾਂ ਸਾਰਣੀ ਦੀ ਜਾਣਕਾਰੀ ਸਾਡੇ ਹਸਪਤਾਲਾਂ ਦੇ ਮੁਖ ਪ੍ਰਵੇਸ਼ ਖੇਤਰ ਵਿਖੇ ਜਾਣਕਾਰੀ ਪੁਆਇੰਟ ਤੋਂ ਵੀ ਉਪਲਬਧ ਹੈ। ਸਭ ਤੋਂ ਨੇੜਲਾ ਮੇਨਲਾਈਨ ਰੇਲਵੇ ਸਟੇਸ਼ਨ ਸਾਊਥੈਂਪਟਨ ਸੈਂਟਰਲ ਹੈ।

## ਟੈਕਸੀ ਰਾਹੀਂ

ਇਥੇ ਇਕ ਟੈਕਸੀ ਰੈਂਕ ਹੈ, ਅਤੇ ਇਕ ਸਥਾਨਕ ਟੈਕਸੀ ਫਰਮ ਲਈ ਇਕ ਫ੍ਰੀਫੋਨ ਟੈਲੀਫੋਨ ਸਾਰੇ ਮੁਖ ਹਸਪਤਾਲ ਦੇ ਪ੍ਰਵੇਸ਼ ਦੁਆਰਾਂ 'ਤੇ ਸਥਿਤ ਹੈ।

## ਫੈਰੀ ਰਾਹੀਂ

ਹਾਈਥ ਫੈਰੀ: **023 8084 0722**
ਰੈੱਡ ਫਨਲ: **023 8033 4010**

## ਕੋਚ ਰਾਹੀਂ

ਨੈਸ਼ਨਲ ਐਕਸਪ੍ਰੈਸ: **0870 580 8080**
ਮੈਗਾਬਸ: **0900 160 0900**

## ਮੋਟਰਸਾਈਕਲ ਜਾਂ ਸਾਈਕਲ ਰਾਹੀਂ

ਮੋਟਰਸਾਈਕਲ ਅਤੇ ਸਾਈਕਲ ਮੁਫਤ ਪਾਰਕ ਕੀਤੇ ਜਾ ਸਕਦੇ ਹਨ। ਮੁਖ ਮੋਟਰਸਾਈਕਲ ਬੇਅ ਸਾਊਥੈਂਪਟਨ ਜਨਰਲ ਹਸਪਤਾਲ ਵਿਚ ਬਹੁਮੰਜ਼ਲਾ ਕਾਰ ਪਾਰਕ ਦੀ ਹੇਠਲੀ ਮੰਜ਼ਿਲ 'ਤੇ ਹਨ। ਸਾਈਕਲ ਰੈਕ ਮੁਖ ਪ੍ਰਵੇਸ਼ ਖੇਤਰਾਂ ਦੇ ਨੇੜੇ ਅਤੇ ਸਾਡੀਆਂ ਸਾਈਟਾਂ ਦੇ ਆਲੇ ਦੁਆਲੇ ਕਈ ਹੋਰ ਸਥਾਨਾਂ 'ਤੇ ਸਥਿਤ ਹਨ।

